ਗੁਰਮਤਿ ਕਾਲਜ GURMAT COLLEGE
ਗੁਰਦੁਆਰਾ ਮਾਤਾ ਸੁੰਦਰੀ ਜੀ, ਮਾਤਾ ਸੁੰਦਰੀ ਲੇਨ, ਨਵੀਂ ਦਿੱਲੀ-2 (ਪ੍ਰਬੰਧ ਹੇਠ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)
Gurdwara Mata Sundri Ji, Mata Sundri Lane, New Delhi-2 (Under the Management of DSGMC)



# ਦਸਵੰਧ

## "ਅਕਲੀ ਕੀਚੇ ਦਾਨੁ"

ਹਰਿੰਦਰਪਾਲ ਸਿੰਘ (ਦਿੱਲੀ), ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ
ਚੇਅਰਮੈਨ ਗੁਰਮਤਿ ਕਾਲਜ ਗੁਰਬਾਣੀ ਸੰਗੀਤ ਅਕੈਡਮੀ, ਨਵੀਂ ਦਿੱਲੀ (ਫ਼ੋਨ : 09810239084)

ਦਸਵੰਧ ਦੇ ਸਿੱਧਾਂਤ ਨੂੰ ਆਮਤੌਰ 'ਤੇ ਦਾਨ ਨਾਲ ਜੋੜਿਆ ਸਮਝਿਆ ਜਾਂਦਾ ਹੈ। ਦਾਨ ਇਕ ਪੁਰਾਣਾ ਸ਼ਬਦ ਹੈ, ਜਿਸਤੋਂ ਮੁਰਾਦ ਇਹ ਹੈ ਕਿ ਕੋਈ ਮਨੁੱਖ ਆਪਣੀ ਕਮਾਈ ਵਿਚੋਂ ਕੁੱਝ ਹਿੱਸਾ ਆਪਣੀ ਮਰਜ਼ੀ ਨਾਲ ਕਿਸੇ ਦੂਸਰੇ ਨੂੰ ਸਹਾਇਤਾ ਵੱਜੋਂ ਦੇਵੇ।

ਭਾਰਤੀ ਧਰਮਾਂ ਵਿਚ ਦਾਨ ਦਾ ਬਹੁਤ ਮਹੱਤਵ ਦਸਿਆ ਗਿਆ ਹੈ। ਦਾਨ ਦੀ ਇਹ ਪ੍ਰਥਾ ਵੈਦਿਕ ਕਾਲ ਤੋਂ ਚਲਦੀ ਆ ਰਹੀ ਹੈ। ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਅਰਥਾਤ ਸਮਗਰੀ ਨੂੰ ਵੀ 'ਦਾਨ' ਮੰਨਿਆ ਗਿਆ। ਇੱਥੋਂ ਤੱਕ ਕਿ ਮੰਨੂ ਸਿਮਰਤੀ ਅਨੁਸਾਰ ਕੋਈ ਪੁਜਾਰੀ ਜੇਕਰ ਜ਼ਬਰਦਸਤੀ ਵੀ ਦਾਨ ਲਵੇ ਤਾ ਵਿਰੋਧ ਨਾ ਕੀਤਾ ਜਾਵੇ। ਦਾਨ ਪਰਮੇਸਰ ਨਾਲ ਸੌਦੇ ਬਾਜ਼ੀ ਦਾ ਇਕ ਜ਼ਰੀਆ ਬਣਾ ਦਿੱਤਾ ਗਿਆ। ਪੁਜਾਰੀ ਲੋਕਾਂ ਨੇ ਦਾਨ ਨੂੰ ਕਈ ਗੁਣਾਂ ਵਧਾ ਕੇ ਵਾਪਸ ਦੁਆਉਣ ਵਾਲਾ ਵਿਚੋਲਾ ਬਣ ਕੇ ਆਪਣੀ ਆਮਦਨੀ ਦਾ ਵਸੀਲਾ ਬਣਾ ਲਿਆ। ਦਾਨ ਦੇ ਨਾਮ 'ਤੇ ਲੋਕਾਂ ਦਾ ਸੋਸ਼ਣ ਹੋਇਆ। ਇੱਥੋਂ ਤੱਕ ਕਿ ਕੰਨਿਆ ਦਾਨ, ਪੁੱਤਰ ਦਾਨ, ਪਸ਼ੂਦਾਨ ਦਾ ਵੀ ਪ੍ਰਚਲਨ ਤੱਕ ਹੋਇਆ।

ਦਰਅਸਲ ਉਤਨੀ ਦੇਰ ਤੱਕ ਕਿਸੇ ਸਿੱਧਾਂਤ ਦੀ ਸਮਝ ਨਹੀਂ ਆ ਸਕਦੀ, ਜਦ ਤੱਕ ਉਸਦੇ ਪਿਛੋਕੜ ਨੂੰ ਨਾ ਸਮਝਿਆ ਜਾਵੇ। ਨੈਤਿਕਤਾ, ਸੰਸਕਾਰ ਅਤੇ ਆਦਰਸ਼ ਜੀਵਨ-ਜਾਚ ਮਨੁੱਖ ਦੀ ਪਛਾਣ ਚਿੰਨ੍ਹ ਹਨ। ਮਨੁੱਖ ਨੂੰ ਜੀਵਨ ਜੀਉਣ ਵਿਚ ਜਿੰਨ੍ਹਾਂ ਚੀਜ਼ਾਂ ਦੀ ਲੋੜ੍ਹ ਪੈਂਦੀ ਹੈ ਧਰਮ ਉਨ੍ਹਾਂ ਵਿਚ ਸੱਭ ਤੋਂ ਜ਼ਰੂਰੀ ਹੈ। ਰਾਜੇ ਦਾ ਪ੍ਰਜਾ ਪ੍ਰਤੀ, ਮਰਦ ਦਾ ਔਰਤ ਪ੍ਰਤੀ ਅਤੇ ਮਨੁੱਖ ਦਾ ਮਨੁੱਖ ਪ੍ਰਤੀ ਕੀ ਅਧਿਕਾਰ ਹਨ ਅਤੇ ਕੀ ਫ਼ਰਜ਼ਹਨ, ਇਹ ਸੱਭ ਕੁੱਝ ਧਰਮ ਤੈਅ ਕਰਦਾ ਹੈ ਜਾਂ ਕਹਿ ਲਵੋ ਇਹ ਸੱਭ ਕੁੱਝ ਧਰਮ 'ਤੇ ਆਧਾਰਿਤ ਹੁੰਦਾ ਹੈ।

ਦੁਨੀਆਂ ਦਾ ਹਰ ਧਰਮ ਕਿਸੇ-ਨ-ਕਿਸੇ ਬੁਨਿਆਦੀ ਸਿੱਧਾਂਤ ਅਤੇ ਫ਼ਿਲਾਸਫੀ ਨਾਲ ਸੰਬੰਧਿਤ ਹੁੰਦਾ ਹੈ ਅਤੇ ਸਿੱਖ ਧਰਮ ਦੀ ਗੱਲ ਕਰੀਏ ਦਾ ਸਿੱਖੀ ਦੇ ਸੱਭ ਤੋਂ ਵੱਡੇ ਸਿੱਧਾਂਤ 'ਸਰਬਤ ਦੇ ਭਲੇ' ਦੀ ਗੱਲ ਸੱਭ ਤੋਂ ਪਹਿਲਾਂ ਆਉਂਦੀ ਹੈ। ਸਿੱਖ ਸਿੱਧਾਂਤਾਂ ਵਿਚ ਮਨੁੱਖ ਨੂੰ ਜੋ ਫ਼ਰਜ਼ ਸੁਝਾਏ ਗਏ ਹਨ, ਜੇਕਰ ਉਨ੍ਹਾਂ ਨੂੰ ਗੌਰ ਨਾਲ ਵਾਚੀਏ ਤਾਂ ਸੱਭ ਤੋਂ ਪਹਿਲਾਂ ਭਗਤੀ ਦੀ ਗੱਲ ਆਉਂਦੀ ਹੈ, ਨਾਮ ਦੀ ਗੱਲ ਆਉਂਦੀ ਹੈ। ਹਰ ਮਨੁੱਖ ਨੂੰ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਕੇ ਉਸਦੀ ਭਗਤੀ ਕਰਨ ਦੀ ਹਿਦਾਇਤ ਹੈ। ਫਿਰ ਮਨੁੱਖ ਨੂੰ ਆਦਰਸ਼ ਮਨੁੱਖ ਬਣਨ ਲਈ ਪ੍ਰੇਰਿਆ ਹੈ ਯਾਨਿ ਗੁਣਾਂ ਦਾ ਵਿਕਾਸ ਅਤੇ ਬਦੀ ਤੋਂ ਪ੍ਰਹੇਜ਼ ਕਰਨ ਲਈ ਪ੍ਰੇਰਿਆ ਹੈ ਅਤੇ ਫਿਰ ਮਰਿਆਦਾ ਦੀ, ਸੰਸਕਾਰਾਂ ਦੀ ਗੱਲ ਆਉਂਦੀ ਹੈ, ਜੀਵਨ ਨਿਰਵਾਹ, ਜੀਵਨ ਜਾਚ, ਗ੍ਰਹਿਸਤ ਜੀਵਨ ਭਲੀ ਪ੍ਰਕਾਰ ਬਤੀਤ ਕਰਨ ਦੀ ਸੇਧ ਦੀ ਗੱਲ, ਕਿਰਤ ਕਰਨ ਦੀ ਗੱਲ, ਦੂਸਰਿਆਂ ਦੇ ਭਲੇ ਲਈ ਦਸਵੰਧ ਦੇਣ ਦੀ ਗੱਲ ਆਉਂਦੀ ਹੈ। ਗੁਰੂਨਾਨਕ ਸਾਹਿਬ ਦੇ ਤਿੰਨ ਸੁਨਹਿਰੀ ਨਿਯਮ ਜਾਂ ਸਿੱਧਾਂਤਾਂ - ਕਿਰਤ ਕਰੋ, ਨਾਮ ਜਪੋ ਅਤੇ ਵੰਡ ਛੱਕੋ ਵਿਚੋਂ ਵੰਡ ਛੱਕਣਾ ਤੋਂ ਭਾਵ ਦਸਵੰਧ ਹੀ ਹੈ।

ਭਾਰਤ ਵਿਚ ਵਿਕਸਤ ਹੋਏ ਧਰਮਾਂ ਵਿਚ ਸਿੱਖ ਧਰਮ ਹੀ ਪਹਿਲਾ ਧਰਮ ਹੈ ਜਿਸ ਵਿਚ ਮਿਹਨਤ ਨਾਲ ਕਿਰਤ ਕਰਨਾ ਰੱਬ ਦੀ ਪੂਜਾ ਦੇ ਬਰਾਬਰ ਮੰਨਿਆ ਗਿਆ ਹੈ। ਸਿੱਖੀ ਵਿਚ ਵਿਹਲੇ ਰਹਿ ਕੇ ਖਾਣਾ, ਕਿਸੇ ਹੋਰ ਦੀ ਕਿਰਤ 'ਤੇ ਨਿਰਭਰ ਹੋਣਾ, ਮੰਗ ਕੇ ਖਾਣਾ ਜਾਂ ਧਾਰਮਕ ਸਥਾਨਾਂ 'ਤੇ ਪੂਜਾ ਦੇ ਧੰਨ ਉਤੇ ਨਿਰਭਰ ਹੋਣਾ ਵਰਜਿਤ ਹੈ। ਹਰ ਇਕ ਨੂੰ ਕਿਰਤ ਕਰਨ ਲਈ ਉਪਦੇਸ਼ ਹੈ, ਆਪਣੇ ਪਰਿਵਾਰ ਦੀ, ਸਮਾਜ ਦੀ ਅਤੇ ਦੇਸ਼ ਦੀ ਭਲਾਈ ਲਈ ਹਰ ਮਨੁੱਖ ਦਾ ਕੰਮ ਕਰਨਾ ਲਾਜ਼ਮੀ ਮੰਨਿਆ ਗਿਆ ਹੈ ਕਿਉਂਕਿ ਕਿਰਤ ਜੀਵਨ ਦਾ ਆਸਰਾ ਹੈ। ਕਿਰਤ ਦੇ ਦੋ ਟੀਚੇ ਹਨ, ਪਹਿਲਾ ਤਾਂ ਆਪਣੇ ਆਪ ਨੂੰ ਸੁਧਾਰਨਾ ਤੇ ਦੂਜਾ ਸਰਬਤ ਦਾ ਭਲਾ ਕਰਨਾ।

(Cont. Page 2)

ਹਰ ਕੌਮ, ਧਰਮ ਜਾਂ ਜਥੇਬੰਦੀ ਨੂੰ ਆਪਣੇ ਉਦੇਸ਼ ਵਿਚ ਸਫਲ ਹੋਣ ਲਈ ਆਪਣੇ ਅਨੁਯਾਈਆਂ ਦੇ ਸਹਿਯੋਗ ਉਪਰ ਨਿਰਭਰ ਹੁੰਦੀ ਹੈ। ਜਿਸਤਰ੍ਹਾਂ ਇਸਲਾਮ ਦੇ ਵਾਧੇ ਲਈ ਆਪਣੀ ਆਮਦਨ ਦਾ ਇਕ ਹਿੱਸਾ ਦੇਣਾ ਲਾਜ਼ਮੀ ਹੈ, ਜਿਸਨੂੰ ਜ਼ਕਾਤ ਦਾ ਨਿਯਮ ਕਿਹਾ ਜਾਂਦਾ ਹੈ। ਇਸੇਤਰ੍ਹਾਂ ਸਿੱਖ ਧਰਮ ਵਿਚ ਵੀ ਸਰਬਤ ਦੇ ਭਲੇ ਲਈ, ਮਨੁੱਖਤਾ ਦੇ ਭਲੇ ਲਈ ਤਨ-ਮਨ-ਧੰਨ ਦੇ ਯੋਗਦਾਨ ਦੀ ਗੱਲ ਹੈ, ਦਸਵੰਧ ਉਸ ਯੋਗਦਾਨ ਦਾ ਇਕ ਰੂਪ ਹੈ। ਦਸਵੰਧ ਇਕ ਬਹੁਤ ਨਿਵੇਕਲਾ ਅਤੇ ਨਿਆਰਾ ਸੰਕਲਪ ਹੈ।

ਦਾਨ ਅਤੇ ਦਸਵੰਧ ਵਿਚ ਬਹੁਤ ਅੰਤਰ ਹੈ। ਦਾਨ ਜਦੋਂ ਕਿਸੇ ਨੂੰ ਮਦਦ ਵੱਜੋਂ ਦਿੱਤਾ ਜਾਂਦਾ ਹੈ ਤਾਂ ਦਾਨ ਦੇਣ ਵਾਲੇ ਦੇ ਮਨ ਵਿਚ ਅਭਿਮਾਨ-ਹੰਕਾਰ ਅਤੇ ਦਾਨ ਲੈਣ ਵਾਲੇ ਦੇ ਮਨ ਵਿਚ ਨੀਵਾਂ-ਪਨ ਆਉਣ ਦੀ ਸੰਭਾਵਨਾ ਹੁੰਦੀ ਹੈ। ਗੁਰਮਤਿ ਵਿਚ ਇਸ ਸਮਸਿਆ ਨੂੰ ਬਹੁਤ ਸੁੰਦਰ ਢੰਗ ਨਾਲ ਨਜਿਠਿਆ ਗਿਆ ਹੈ। ਹਰ ਇਕ ਨੂੰ ਇਹ ਉਪਦੇਸ਼ ਹੈ ਕਿ ਕਿਸੇ ਮਨੁੱਖ ਨੂੰ ਦਾਨ ਦੇਣ ਦੀ ਬਜਾਏ ਦਸਵੰਧ ਗੁਰੂਨੂੰ ਭੇਟ ਕਰੋ – ਹਮਦਰਦੀ ਨਾਲ, ਚੁੱਪ-ਚਾਪ, ਬਿਨ੍ਹਾਂ ਧੱਕੇ ਮਨੁੱਖਤਾ ਦੀ ਭਲਾਈ ਦੇ ਚਾਉ ਨਾਲ।

ਸਿੱਖ ਧਰਮ ਵਿਚ ਦਾਨ ਸ਼ਬਦ ਪ੍ਰਚਲਤ ਤਾਂ ਹੈ, ਪਰ ਇਸ ਸ਼ਬਦ ਪ੍ਰਤੀ ਸਤਿਕਾਰ ਨਹੀਂ ਕਿਉਂਕਿ ਦਾਨ ਲੈਣਾ ਸਿੱਖ ਦੇ ਸੁਭਾਅ ਵਿਚ ਨਹੀਂ। ਇਸਤਰ੍ਹਾਂ ਦਾਨ ਵਿਅਕਤੀਗਤ ਸੰਕਲਪ ਹੈ ਅਤੇ ਦਸਵੰਧ ਸੰਸਥਾਗਤ ਸਿੱਧਾਂਤ ਹੈ। ਗਰੀਬ ਕਾ ਮੂੰਹ, ਗੁਰੂ ਕੀ ਗੋਲਕ। ਦਸਵੰਧ ਦੇ ਪੈਸੇ ਨਾਲ ਸਰਬਤ ਦੇ ਭਲੇ ’ਤੇ ਖਰਚ ਕਰਨ ਦਾ ਸਿੱਧਾਂਤ ਗੁਰੂਨੇ ਦਿੱਤਾ। ਇਹ ਸਿੱਧਾਂਤ ਦਾਨ ਵਾਂਗ ਨਹੀਂ, ਜਿਸ ਵਿਚ ਇਕ ਨੂੰ ਉੱਚਾ-ਪਨ ਅਤੇ ਦੂਜੇ ਨੂੰ ਨੀਵਾਂ-ਪਨ ਗ੍ਰਸਤ ਹੋਵੇ। ਦਸਵੰਧ ਦਾ ਸਿੱਧਾਂਤ ਮਿਲਵਰਤਣ ਦਾ ਸਿੱਧਾਂਤ ਹੈ। ਦਾਤਾ ਯਾਨਿ ਦੇਣ ਵਾਲਾ ਉਹ ਪਰਮੇਸਰ ਪਿਤਾ ਹੈ ਅਤੇ ਸਭ ਨੇ ਉਸ ਕੋਲੋਂ ਹੀ ਮੰਗਣਾ ਹੈ। ਇਸਤਰ੍ਹਾਂ ਗੁਰਮਤਿ ਨੇ ਪਰਮੇਸਰ ਨੂੰ ਦਾਤਾ ਮੰਨਿਆ ਤੇ ਮਨੁੱਖ ਨੂੰ ਦਾਤਾ ਹੋਣ ਦੀ ਗਲਤਫਹਿਮੀ ਨੂੰ ਖ਼ਤਮ ਕੀਤਾ : ‘‘ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥’’

ਗੁਰੂਨਾਨਕ ਸਾਹਿਬ ਤੋਂ ਸਿੱਖੀ ਸ਼ੁਰੂਹੋਈ ਅਤੇ ਇਕ ਲਹਿਰ ਦਾ ਰੂਪ ਬਣ ਗਈ ਅਤੇ ਜਿਵੇਂ-ਜਿਵੇਂ ਸਿੱਖ ਲਹਿਰ ਵਿਕਸਿਤ ਹੁੰਦੀ ਗਈ ਉਸੇ ਤਰ੍ਹਾਂ ਪਦਾਰਥਾਂ ਦੀ, ਧੰਨ ਦੀ, ਸਹੂਲਤਾਂ ਦੀ ਜ਼ਰੂਰਤ ਸ਼ੁਰੂਹੋਈ। ਗੁਰੂ ਸਾਹਿਬਾਨ ਨੇ ਕੇਵਲ ਧਾਰਮਕ ਕ੍ਰਿਆਵਾਂ ਵੱਲ ਹੀ ਮਨੁੱਖ ਨੂੰ ਨਹੀਂ ਪ੍ਰੇਰਿਆ ਬਲਕਿ ਆਪਣੇ ਸੇਵਕਾਂ ਦੀਆਂ ਦੁਨਿਆਵੀ ਲੋੜ੍ਹਾਂ ਵੱਲ ਵੀ ਧਿਆਨ ਦਿੱਤਾ। ਪਹਿਲਾਂ ਹਰ ਮਨੁੱਖ ਨੂੰ ਕਿਰਤ ਕਰਨ ਲਈ ਕਿਹਾ, ਫਿਰ ਸਰਬਤ ਦੇ ਭਲੇ ਲਈ ਹਰ ਸਿੱਖ ਨੂੰ ਆਪਣੀ ਕਿਰਤ ਵਿਚੋਂ ਕੁੱਝ ਹਿੱਸਾ ਦੇਣ ਲਈ ਕਿਹਾ ‘‘ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥’’ ਇਹ ਪੰਕਤੀ ਸਾਨੂੰ ਦਸਵੰਧ ਪ੍ਰਤੀ ਸੁਚੇਤ ਕਰਦੀ ਹੈ।

ਮਨੁੱਖਤਾ ਦੇ ਭਲੇ ਲਈ ‘ਧਰਮਸਾਲ’ ਜੋ ਬਾਅਦ ਵਿਚ ਗੁਰਦੁਆਰੇ ਦੇ ਰੂਪ ਵਿਚ ਵਿਕਸਿਤ ਹੋਏ। ਗੁਰਦੁਆਰੇ ਦੀ ਪਰਿਭਾਸ਼ਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ – ਆਤਮਕ ਸੌਮੇ ਤੋਂ ਇਲਾਵਾ, ਭੁੱਖੇ ਲਈ ਅੰਨ੍ਹ ਪੂਰਨਾ, ਵਿਦਿਆਰਥੀ ਲਈ ਪਾਠਸ਼ਾਲਾ, ਯਾਤਰੀ ਲਈ ਯਾਤਰੀ ਨਿਵਾਸ, ਰੋਗੀ ਲਈ ਦਵਾਖਾਨਾ ਹੈ ਯਾਨਿ ਮਨੁੱਖ ਦੀ ਆਤਮਕ ਅਤੇ ਸਰੀਰਕ ਹਰ ਲੋੜ੍ਹ ਦੀ ਪੂਰਤੀ ਗੁਰਦੁਆਰੇ ਵਿਚ ਸ਼ੁਰੂਕੀਤੀ। ਇੱਥੇ ਹੀ ਬਸ ਨਹੀਂ ਗੁਰੂ ਸਾਹਿਬ ਨੇ ਸਰਬਤ ਦੇ ਭਲੇ ਦੇ ਸੰਕਲਪ ਨੂੰ ਸਿਰੇ ਚਾੜ੍ਹਨ ਲਈ ਕਸਬਿਆਂ ਅਤੇ ਸ਼ਹਿਰਾਂ ਵਿਚ ਪਾਣੀ ਦੀ ਪੂਰਤੀ ਲਈ ਬਉਲੀਆਂ-ਖੂਹ ਬਣਵਾਏ, ਸਕੂਲ, ਦਵਾਖਾਨੇ, ਲੰਗਰ ਅਤੇ ਹੋਰ ਲੋੜਾਂ ਦੇ ਕੇਂਦਰ ਬਣਵਾਏ। ਲੋਕਾਂ ਦੀ ਆਰਥਿਕ ਬੇਹਤਰੀ ਲਈ ਨਵੇਂ-ਨਵੇਂ ਕਸਬੇ ਵਸਾਏ, ਸ਼ਹਿਰਾਂ ਦੀ ਸਥਾਪਨਾ ਕੀਤੀ। ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਸਾਹਿਬ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਆਦਿ ਸ਼ਹਿਰ ਵਸਾਏ, ਜਿਸ ਨਾਲ ਲੋਕਾਂ ਦੀ ਜ਼ਿੰਦਗੀ ਸੁਖੇਲ ਹੋਈ। ਅਧਿਆਮਕਤਾ ਦੇ ਨਾਲ-ਨਾਲ ਸਮਾਜਿਕ ਕ੍ਰਾਂਤੀ ਦਾ ਆਗਾਜ਼ ਹੋਇਆ ਅਤੇ ਲੋਕਾਂ ਦੀ ਆਰਥਿਕਤਾ ਵਿਚ ਵੀ ਸੁਧਾਰ ਹੋਇਆ।

ਪਰ ਅੱਜ ਦਾ ਚਿੰਤਨ ਇਹ ਹੈ ਕਿ ਅਜੋਕੇ ਸਮੇਂ ਦਸਵੰਧ ਦੀ ਸਹੀ ਵਰਤੋਂ ਕਿਵੇਂ ਹੋਵੇ ਅਤੇ ਇਸ ਦੀ ਦੁਰਵਰਤੋਂ ਨਾ ਹੋਵੇ। ਕਹਿੰਦੇ ਹਨ ਕਿ ਇਤਿਹਾਸ ਕਿਸੇ ਵੀ ਕੌਮ ਨਾਲ ਸੰਬੰਧਤ ਹੋਵੇ, ਉਸ ਤੋਂ ਸੇਧ ਲੈਣੀ ਚਾਹੀਦੀ ਹੈ। ਲਗਭਗ 2700 ਸਾਲ ਮਾਰ ਖਾਣ ਤੋਂ ਬਾਅਦ ਯਹੂਦੀਆਂ ਨੂੰ ਆਪਣੀ ਛੋਟੀ ਜਿਹੀ ਅਲਗ ਪਹਿਚਾਣ ਦੀ ਜਗ੍ਹਾ ਮਿਲੀ ਯਾਨਿ ਛੋਟਾ ਜਿਹਾ ਦੇਸ਼ ਬਣਿਆ ਇਜ਼ਰਾਈਲ। ਦੁਨੀਆਂ ਭਰ ਦੇ ਯਹੂਦੀਆਂ ਨੇ ਅਰਬਾਂ ਰੁਪਏ ਇਕੱਠੇ ਕਰਕੇ ਆਪਣੇ ਧਰਮ ਗੁਰੂ ਨੂੰ ਦਿੱਤੇ ਕਿ ਇਕ ਇਹੋ ਜਿਹਾ ਧਰਮ ਅਸਥਾਨ ਬਣਾਉ ਜਿਹੋ ਜਿਹਾ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿਚ ਨਾ ਹੋਵੇ।

**(Cont. Page 3)**

**Ph: 011-23237424, 23237425, 09810239084 Fax: 011-23222700 E-mail : gurmatcollege.nd@gmail.com**
**Website : www.gurmatcollege.com, www.gurmatcollege.wordpress.com**

ਗੁਰਮਤਿ ਕਾਲਜ
GURBANI IS THE LIGHT TO ILLUMINATE THE WORLD

# ਗੁਰਮਤਿ ਕਾਲਜ GURMAT COLLEGE

ਗੁਰਦੁਆਰਾ ਮਾਤਾ ਸੁੰਦਰੀ ਜੀ, ਮਾਤਾ ਸੁੰਦਰੀ ਲੇਨ, ਨਵੀਂ ਦਿੱਲੀ-2 (ਪ੍ਰਬੰਧ ਹੇਠ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)
Gurdwara Mata Sundri Ji, Mata Sundri Lane, New Delhi-2 (Under the Management of DSGMC)



ਧਰਮ ਗੁਰੂ ਬਹੁਤ ਸਿਆਣਾ ਅਤੇ ਸਮਝਦਾਰ ਸੀ। ਉਸਨੇ ਸਾਰੇ ਪੈਸੇ ਵਾਪਸ ਦੇਂਦੇ ਹੋਏ ਕਿਹਾ ਕਿ ਇਸ ਨਵੇਂ ਬਣੇ ਦੇਸ਼ ਨੂੰ ਉੱਚਾ ਅਤੇ ਸੋਹਣਾ ਬਣਾਉਣਾ ਹੈ ਤਾਂ ਤਕਨੀਕੀ ਅਤੇ ਉੱਚੀ ਮਿਆਰ ਦੀਆਂ ਸਿਖਿਆ ਸੰਸਥਾਵਾਂ ਦਾ ਜਾਲ ਵਿੱਛਾ ਦਿਉ, ਜਿਸ ਵਿਚ ਹਰ ਬੱਚੇ, ਹਰ ਨੌਜਵਾਨ ਨੂੰ ਆਪਣੀ ਬੋਲੀ, ਆਪਣੇ ਸਭਿਆਚਾਰ ਅਤੇ ਆਪਣੇ ਧਰਮ ਦੀ ਜਾਣਕਾਰੀ ਅਤੇ ਕੌਮ ਪ੍ਰਤੀ ਵਚਨਬਧਤਾ ਲਈ ਪ੍ਰੇਰਿਆ ਜਾਵੇ। ਉਸਦਾ ਨਤੀਜਾ ਸਾਡੇ ਸਾਹਮਣੇ ਇਹ ਹੈ ਕਿ ਅੱਜ ਇਜ਼ਰਾਈਲ ਵਿਚ ਕੋਈ ਅਨਪੜ੍ਹ ਨਹੀਂ, ਕੋਈ ਬੇਰੋਜ਼ਗਾਰ ਨਹੀਂ ਅਤੇ ਹਰ ਸਾਲ ਇਕ ਜਾਂ ਦੋ ਨੋਬਲ ਪੁਰਸਕਾਰ ਯਹੂਦੀ ਲੈਣ ਵਿਚ ਸਫ਼ਲ ਹੁੰਦੇ ਹਨ। ਯਹੂਦੀਆਂ ਨੇ ਆਪਣੀ ਕਮਾਈ ਦੇ ਕੁੱਝ ਹਿੱਸੇ ਨਾਲ ਕੌਮ ਦਾ ਚਰਿੱਤਰ ਅਤੇ ਸਾਖ ਬਣਾ ਦਿੱਤੀ।

ਇਤਨਾ ਕੀਮਤੀ ਅਤੇ ਵੱਡਾ ਵਿਰਸਾ ਹੁੰਦੇ ਹੋਏ ਅਸੀਂ ਅੱਜ ਕਿੱਥੇ ਹਾਂ ? ਆਪਣਾ ਵਕਾਰ, ਆਪਣਾ ਚਰਿੱਤਰ ਅਤੇ ਸਾਖ ਬਣਾਉਣ ਲਈ ਅੱਜ ਸਾਨੂੰ ਸਾਰੇ ਸਿੱਖ ਜਗਤ ਨੂੰ ਵੀ ਜਾਗਰੁਕ ਹੋਣਾ ਜ਼ਰੂਰੀ ਹੈ। ਜ਼ਰੂਰਤ ਸਿਰਫ਼ ਗਿਆਨ ਪ੍ਰਾਪਤ ਕਰਨ ਦੀ ਨਹੀਂ ਬਲਕਿ ਅਗਿਆਨਤਾ ਤਿਆਗਣ ਦੀ ਵੀ ਹੈ। ਅਸੀਂ 21ਵੀਂ ਸ਼ਤਾਬਦੀ ਵਿਚ ਵਿਚਰ ਰਹੇ ਹਾਂ। ਮਾਇਆ ਤਾਂ ਅਸੀਂ ਬਹੁਤ ਦੇਂਦੇ ਹਾਂ, ਗੁਰਦੁਆਰਾ ਸੰਗਮਰਮਰ ਅਤੇ ਸੋਨੇ ਦੇ ਬਣ ਗਏ ਹਨ। ਅੱਜ ਵੱਡੀ ਜ਼ਰੂਰਤ ਹੈ ਸਾਨੂੰ ਅਕਲ ਦੀ, ਸਮਝ ਦੀ, ਰਸੂਖ ਦੀ, ਸਹਿਜ ਦੀ, ਆਪਸੀ ਪ੍ਰੇਮ ਪਿਆਰ ਦੇ ਦਸਵੰਧ ਦੇਣ ਦੀ। ਕੌਮ ਨੂੰ ਸੂਝ ਦੇਣ ਦੀ ਜ਼ਰੂਰਤ ਹੈ। ਸ਼ਰਧਾ ਅਤੇ ਜਜ਼ਬਾਤਾਂ ਦੀਆਂ ਅੱਖਾਂ ਬੰਦ ਕਰਕੇ ਅਕਲ ਅਤੇ ਸਿਆਣਪ ਦੀਆਂ ਅੱਖਾਂ ਦੀ ਵਰਤੋਂ ਕਰਨ ਦੀ ਜ਼ਰੂਰਤ ਹੈ।

ਅਸੀਂ ਪਿਛਲੇ 20 ਸਾਲਾਂ ਵਿਚ ਕੌਮ ਵੱਲੋਂ ਦਿੱਤੇ ਦਸਵੰਧ ਦੇ ਘੱਟ ਤੋਂ ਘੱਟ 30-35 ਅਰਬ ਰੁਪਏ ਸਿਰਫ਼ਜਲਸੇ, ਮਾਰਚਾਂ, ਸੁਆਗਤਾਂ, ਜਲੂਸਾਂ ਅਤੇ ਲੰਗਰਾਂ ਵਿਚ ਖ਼ਰਚ ਕੀਤਾ ਹੋਵੇਗਾ। ਵਿਚਾਰਨ ਵਾਲੀ ਗੱਲ ਹੈ ਦੁਨੀਆਂ ਅੱਜ ਬਹੁਤ ਅੱਗੇ ਜਾ ਚੁੱਕੀ ਹੈ। ਪਹਿਲਾਂ ਤਾਕਤ ਦਾ ਸਮ੍ਹਾਂ ਸੀ, ਪਰ ਅੱਜ ਦਾ ਸਮ੍ਹਾਂ ਗਿਆਨ ਦਾ ਹੈ। ਹੁਣ ਕਿਸੇ ਵੀ ਗੱਲ ਨੂੰ ਦਲੀਲ, ਵਿਚਾਰ ਅਤੇ ਗਿਆਨ ਤੋਂ ਬਿਨ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਅੱਜ ਨਵੇਂ ਦਿਮਾਗ ਅਤੇ ਨਵੀਂ ਤਕਨੀਕ ਨਾਲ ਨਵੇਂ ਜ਼ਮਾਨੇ ਯਾਨਿ ਆਪਣੀ ਪੀੜ੍ਹੀ ਨੂੰ ਆਪਣੇ ਫ਼ਰਜ਼ਅਤੇ ਅਧਿਕਾਰ ਦਸਣੇ ਪੈਣਗੇ। ਆਪਣੇ ਸਿੱਖ ਸਿਧਾਂਤਾਂ ਬਾਰੇ ਸੁਚੇਤ ਕਰਨਾ ਪਵੇਗਾ। ਸਿੱਖ ਸਿੱਧਾਂਤ ਰਹਿਣਗੇ ਤਾਂ ਸਿੱਖੀ ਵਧੇਗੀ ਫੁਲੇਗੀ। ਗੁਰੂ ਦੇ ਦਿੱਤੇ ਦਸਵੰਧ ਦੇ ਸਿੱਧਾਂਤ ਨਾਲ ਸਰਬਤ ਦੇ ਭਲੇ ਦਾ ਸਿੱਧਾਂਤ ਜੁੜਿਆ ਹੈ। ਦਸਵੰਧ ਦਾ ਸਿੱਧਾਂਤ ਲੋੜਵੰਦਾਂ ਲਈ ਸਿਰਫ਼ ਆਰਥਿਕ ਪੱਖ ਤੋਂ ਵਰਦਾਨ ਸਾਬਤ ਨਹੀਂ ਹੋਇਆ, ਸਗੋਂ ਲੋਕਾਂ ਅੰਦਰ ਸਨਮਾਨ ਦੀ ਭਾਵਨਾ ਵੀ ਬਹਾਲ ਹੋਈ, ਸੁਰੱਖਿਆ ਦੀ ਭਾਵਨਾ ਤੇ ਸਵੈ-ਵਿਸ਼ਵਾਸ ਪੈਦਾ ਹੋਇਆ।

ਅੱਜ ਦੇ ਦੌਰ ਵਿਚ ਦੁਨੀਆਂ ਦੇ ਨਾਲ-ਨਾਲ ਚਲਣ ਲਈ ਸਾਨੂੰ ਆਪਣੀ ਕੌਮ ਨੂੰ ਵਕਤ ਦੇ ਅਨੁਸਾਰ ਸਿੱਖਿਆ ਦੇਣੀ ਪਵੇਗੀ। ਅੱਜ ਦੁਨੀਆਂ ਦੇ ਨਾਲ ਬਰਾਬਰ ਚਲਣ ਲਈ ਬੱਚਿਆਂ ਅਤੇ ਨੌਜਵਾਨਾਂ ਨੂੰ ਨਵੀਂ ਤੋਂ ਨਵੀਂ ਜਾਣਕਾਰੀ ਦੇਣੀ ਪਵੇਗੀ ਅਤੇ ਉਸ ਲਈ ਨਵੀ ਤਕਨੀਕੀ ਸੰਸਥਾਵਾਂ ਖੋਲਣੀਆਂ ਪੈਣਗੀਆਂ। ਸਾਨੂੰ ਚਾਹੀਦਾ ਹੈ ਕਿ ਅਸੀਂ ਗੁਰੂਦੀ ਗੋਲਕ ਯਾਨਿ 'ਦਸਵੰਧ' ਦਾ ਜ਼ਿਆਦਾ ਤੋਂ ਜ਼ਿਆਦਾ ਹਿੱਸਾ ਵਿਦਿਆ ਵਾਲੇ ਪਾਸੇ ਖਰਚ ਕਰੀਏ। ਜਿੱਥੋਂ ਤੱਕ ਦਸਵੰਧ ਦੀ ਦੁਰਵਰਤੋਂ ਨੂੰ ਰੋਕਣ ਦਾ ਸਵਾਲ ਉੱਠਦਾ ਹੈ, ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਦਸਵੰਧ ਜਾਂ ਦਾਨ ਦੇਣ ਤੋਂ ਪਹਿਲਾਂ ਅਕਲ ਦਾ ਇਸਤੇਮਾਲ ਕਰੀਏ, 500 ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਸੇਧ ਨੂੰ ਧਿਆਨ ਵਿਚ ਰਖੀਏ :- "ਅਕਲੀ ਪੜਿ੍ ਕੈ ਬੁਝੀਐ ਅਕਲੀ ਕੀਚੈ ਦਾਨੁ॥" ਜਿਸਤਰ੍ਹਾਂ ਹਿੰਦੂਲਈ ਗਊਦਾ ਖਾਣਾ ਪਾਪ ਹੈ, ਮੁਸਲਿਮ ਲਈ ਸੂਰ ਦਾ ਖਾਣਾ ਪਾਪ ਹੈ, ਉਸੇ ਤਰ੍ਹਾਂ ਸਿੱਖ ਲਈ ਗੁਰੂ ਦੀ ਗੋਲਕ ਦਾ ਪੈਸਾ ਖਾਣਾ ਪਾਪ ਹੈ।

ਅਜੋਕੇ ਯੁੱਗ ਵਿਚ ਵੀ ਸਾਡੇ ਭੈਣ-ਭਰਾ ਬੇਸਹਾਰਾ ਹਨ, ਗਰੀਬ ਹਨ, ਅਨਪੜ੍ਹ ਹਨ, ਬਿਮਾਰ ਹਨ, ਖਾਣ ਨੂੰ ਰੋਟੀ ਨਹੀਂ, ਪਾਉਣ ਲਈ ਕਪੜੇ ਨਹੀਂ। ਉਨ੍ਹਾਂ ਦੀ ਬੇਹਤਰੀ ਲਈ, ਸਰਬਤ ਦੇ ਭਲੇ ਦੇ ਸਿੱਧਾਂਤ ਨੂੰ ਜ਼ਿੰਦਾ ਰੱਖਣ ਲਈ, ਉਨ੍ਹਾਂ ਨੂੰ ਇਸ ਜਹਾਲਤ ਤੋਂ, ਇਸ ਲਾਹਨਤ ਤੋਂ ਛੁਡਾਈਐ ਅਤੇ ਦੁਨੀਆਂ ਵਿਚ ਸਿੱਖੀ ਦੀ ਖੁਸ਼ਬੂਫੈਲਾਈਐ। ਵੇਲਾ ਹੈ ਗੁਰੂਨਾਨਕ ਸਾਹਿਬ ਦੇ ਖਿਆਲ ਪ੍ਰਗਟਾਉਣ ਦਾ, ਹਰ ਇਕ ਨੂੰ ਇਨਸਾਨ ਸਮਝਣ ਦਾ, ਸਿੱਖੀ ਦਾ ਇਨਸਾਨੀਅਤ ਨਾਲ ਸੰਬੰਧ ਦੱਸਣ ਦਾ, ਇਹੀ ਦਸਵੰਧ ਦਾ ਸਹੀ ਪ੍ਰਯੋਜਨ ਹੋਵੇਗਾ।

* * *

ਹਰਿੰਦਰਪਾਲ ਸਿੰਘ (ਦਿੱਲੀ), ਚੇਅਰਮੈਨ ਗੁਰਮਤਿ ਕਾਲਜ ਗੁਰਬਾਣੀ ਸੰਗੀਤ ਅਕੈਡਮੀ, ਨਵੀਂ ਦਿੱਲੀ (ਫ਼ੋਨ : 09810239084)